# ਬਾਲ ਸੁਰੱਖਿਆ

## ਆਚਾਰ ਸੰਹਿਤਾ

St John

ਸੇਂਟ ਜਾਨ ਐਂਬੂਲੈਂਸ ਆਸਟ੍ਰੇਲੀਆ ਲਿਮਿਟਿਡ (ਸੇਂਟ ਜਾਨ) ਬੱਚਿਆਂ ਦੀ ਸੁਰੱਖਿਆ ਅਤੇ ਕਲਿਆਣ ਲਈ ਵੱਚਨਬੱਧ ਹੈ। ਅਸੀਂ ਸਾਡੀਆਂ ਸੇਵਾਵਾਂ, ਗਤੀਵਿਧੀਆਂ ਅਤੇ ਪ੍ਰੋਗ੍ਰਾਮਾਂ ਤਕ ਪਹੁੰਚ ਪ੍ਰਾਪਤ ਕਰਨ ਵਾਲੇ ਸਾਰੇ ਬੱਚਿਆਂ ਨੂੰ ਇੱਕ ਸੁਰੱਖਿਅਤ ਪਰਿਵੇਸ਼ ਪ੍ਰਦਾਨ ਕਰਨ ਦੀ ਅਹਿਮੀਅਤ ਦੀ ਪਛਾਣ ਕਰਦੇ ਹਾਂ।

ਸਾਡੇ ਮੈਂਬਰਾਂ ਨੂੰ ਬੱਚਿਆਂ ਦੇ ਮਾਣ ਅਤੇ ਗਰਿਮਾ ਦੀ ਹਮੇਸ਼ਾ ਕਦਰ ਕਰਨੀ ਅਤੇ ਇਸਨੂੰ ਵਧਾਵਾ ਦੇਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਅਸੁਰੱਖਿਅਤ ਮਹਿਸੂਸ ਕਰਨ ਦੀ ਸਥਿਤੀ ਵਿੱਚ ਆਪਣੀ ਆਵਾਜ਼ ਚੁੱਕਣ ਦੇ ਕਾਬਲ ਬਣਾਉਣਾ ਚਾਹੀਦਾ ਹੈ। ਇਸਦੇ ਬਦਲੇ ਵਿੱਚ, ਸੇਂਟ ਜਾਨ ਇੱਕ ਅਜਿਹੇ ਸਭਿਆਚਾਰ ਨੂੰ ਵਧਾਵਾ ਦਵੇਗਾ ਜਿੱਥੇ ਮੈਂਬਰ ਸੁਤੰਤਰਤਾ ਨਾਲ ਬਾਲ ਸੁਰੱਖਿਆ ਬਾਰੇ ਚਿੰਤਾਵਾਂ ਪ੍ਰਗਟ ਕਰ ਸਕਦੇ ਹਨ।

ਇਸ ਆਚਾਰ ਸੰਹਿਤਾ ਦਾ ਉਦੇਸ਼ ਮੈਂਬਰਾਂ ਦੁਆਰਾ ਬੱਚਿਆਂ ਨਾਲ ਕੰਮ ਕਰਨ ਸਮੇਂ ਉਨ੍ਹਾਂ ਦੇ ਉਚਿਤ ਵਿਹਾਰ ਬਾਰੇ ਮਾਰਗ-ਦਰਸ਼ਨ ਪ੍ਰਦਾਨ ਕਰਨਾ ਹੈ। ਇਸਦਾ ਉਦੇਸ਼ ਕਾਨੂੰਨ, ਸੇਂਟ ਜਾਨ ਦੀਆਂ ਨੀਤੀਆਂ ਅਤੇ ਪੇਸ਼ੇਵਰ ਮਾਨਕਾਂ (ਜਿਵੇਂ ਕਿ ਇਹ ਮੈਂਬਰਾਂ ਉੱਤੇ ਲਾਗੂ ਹੁੰਦੇ ਹਨ) ਨੂੰ ਪੂਰਕ ਕਰਨਾ ਹੈ।

### ਸਵੀਕਾਰ ਯੋਗ ਵਿਹਾਰ

#### ਇਹ ਕੰਮ ਕਰੋ:

- ਇਸ ਆਚਾਰ ਸੰਹਿਤਾ ਅਤੇ ਸੇਂਟ ਜਾਨ ਦੀਆਂ ਬਾਲ ਸੁਰੱਖਿਆ ਨੀਤੀਆਂ ਅਤੇ ਕਾਰਜਵਿਧੀਆਂ ਨੂੰ ਬਣਾਏ ਰੱਖੋ – ਇੱਕ ਕਾਪੀ ਆਪਣੇ ਕੋਲ ਰੱਖੋ, ਜਿਵੇਂ ਕਿ ਤੁਹਾਡੇ ਨਿੱਜੀ ਕੰਪਿਊਟਰ ਜਾਂ ਡਿਵਾਇਸ ਉੱਤੇ
- ਅੰਤਰਾਂ ਨੂੰ ਦੂਰ ਰੱਖ ਕੇ, ਸਾਰੇ ਮੈਂਬਰਾਂ ਦੇ ਹੱਕਾਂ, ਮਾਣ, ਭਿੰਨਤਾ ਅਤੇ ਉਨ੍ਹਾਂ ਦੀ ਕਦਰ ਦਾ ਸਨਮਾਨ ਕਰੋ
- ਬੱਚਿਆਂ ਨਾਲ ਕੰਮ ਕਰਨ ਵਿੱਚ ਸਮਾਨਤਾ ਬਣਾਏ ਰੱਖੋ (ਜਿਵੇਂ ਕਿ ਜੇ ਸੰਭਵ ਹੋਵੇ ਤਾਂ ਢੁੱਕਵੀਆਂ ਤਬਦੀਲੀਆਂ ਕਰਨੀਆਂ)
- ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਨਮਾਨ, ਨਿਰਪੱਖਤਾ, ਪੇਸ਼ੇਵਰਾਨਾ ਅਤੇ ਸ਼ਿਸ਼ਟਤਾ ਨਾਲ ਵਿਹਾਰ ਕਰੋ
- ਬੱਚਿਆਂ ਦੇ ਵਿਚਾਰਾਂ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੁਣੋ ਅਤੇ ਇਸਤੇ ਪ੍ਰਤੀਕ੍ਰਿਆ ਕਰੋ, ਖਾਸ ਕਰਕੇ ਜੇ ਉਹ ਇਹ ਖੁਲਾਸਾ ਕਰ ਰਹੇ ਹੋਣ ਕਿ ਉਨ੍ਹਾਂ ਨੂੰ ਜਾਂ ਕਿਸੇ ਦੂਜੇ ਬੱਚੇ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ ਜਾਂ ਨੁਕਸਾਨ ਪਹੁੰਚਾਏ ਜਾਣ ਦਾ ਖਤਰਾ ਹੈ
- ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ, ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਅਤੇ ਪ੍ਰਵਾਸੀ ਪਿਛੋਕੜਾਂ ਵਾਲੇ ਬੱਚਿਆਂ, ਅਤੇ ਅਪਾਹਜਤਾ ਨਾਲ ਗ੍ਰਸਤ ਬੱਚਿਆਂ ਦੀ ਸਭਿਆਚਾਰਕ ਸੁਰੱਖਿਆ, ਸ਼ਮੂਲੀਅਤ ਅਤੇ ਸ਼ਕਤੀਕਰਨ ਨੂੰ ਵਧਾਵਾ ਦਿਓ
- ਆਪਣੇ ਕੰਮ ਦੌਰਾਨ ਇੱਕ ਬਾਲ ਸੁਰੱਖਿਅਤ ਪਰਿਵੇਸ਼ ਸਥਾਪਤ ਕਰੋ ਅਤੇ ਇਸਨੂੰ ਬਣਾਏ ਰੱਖੋ
- ਇੱਕ ਸਕਾਰਾਤਮਕ ਆਰਦਸ਼ ਬਣੋ
- ਬੱਚਿਆਂ ਦੀ ਗੋਪਨੀਯਤਾ ਅਤੇ ਨਿੱਜਤਾ ਦਾ ਸਨਮਾਨ ਕਰੋ ਅਤੇ ਨਿੱਜੀ ਜਾਣਕਾਰੀ ਦਾ ਪ੍ਰਬੰਧ ਸੇਂਟ ਜਾਨ ਦੀ ਗੋਪਨੀਯਤਾ ਅਤੇ ਜਾਣਕਾਰੀ ਦਾ ਪ੍ਰਬੰਧ ਕਰਨ ਦੀਆਂ ਨੀਤੀਆਂ ਮੁਤਾਬਕ ਕਰੋ
- ਬਾਲ ਦੁਰਵਿਹਾਰ ਨਾਲ ਸਬੰਧਤ ਗੋਪਨੀਯਤਾ ਅਤੇ ਨਿੱਜਤਾ ਨਾਲ ਜੁੜੀਆਂ ਸੀਮਾਵਾਂ ਨੂੰ ਸਮਝੋ। ਜੇ ਤੁਹਾਨੂੰ ਲੱਗਦਾ ਹੈ ਜਾਂ ਸ਼ੱਕ ਹੈ ਕਿ ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਨੁਕਸਾਨ ਪਹੁੰਚਾਉਣ ਦਾ ਖਤਰਾ ਹੈ, ਜਾਂ ਕੋਈ ਆਰੋਪ ਲਗਾਇਆ ਗਿਆ ਹੈ ਜਾਂ ਖੁਲਾਸਾ ਕੀਤਾ ਗਿਆ ਹੈ, ਤਾਂ ਇਸਦੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ
- ਨੌਜਵਾਨ ਮੈਂਬਰ ਵਿਹਾਰ ਪ੍ਰਬੰਧਨ ਨੀਤੀ ਦੀ ਪਾਲਨਾ ਕਰੋ, ਇਸ ਵਿੱਚ ਵਿਹਾਰ ਦੇ ਸਹਿਮਤ ਨਿਯਮਾਂ ਅਤੇ ਆਚਾਰ ਸੰਹਿਤਾ ਦੇ ਉਲੰਘਣ ਲਈ ਉਪਲਬਧ ਪ੍ਰਤੀਕ੍ਰਿਆਵਾਂ ਸ਼ਾਮਲ ਹਨ
- ਬਾਲ ਸੁਰੱਖਿਆ ਬਾਰੇ ਚੌਕਸ ਅਤੇ ਕਿਰਿਆਸ਼ੀਲ ਰਹੋ ਅਤੇ ਸਾਰੇ ਆਰੋਪਾਂ, ਸ਼ੱਕਾਂ ਜਾਂ ਚਿੰਤਾਵਾਂ ਦੀ ਸੂਚਨਾ ਤੁਰੰਤ ਦਿਓ
- ਸੂਚਨਾ ਦੇਣ ਨਾਲ ਸਬੰਧਤ ਜ਼ੁੰਮੇਵਾਰੀਆਂ ਨੂੰ ਸਮਝੋ ਅਤੇ ਇਨ੍ਹਾਂ ਦੀ ਪਾਲਣਾ ਕਰੋ
- ਯਕੀਨੀ ਬਣਾਓ ਕਿ ਸਾਰੀਆਂ ਗੱਲਬਾਤਾਂ ਸੁਰੱਖਿਅਤ, ਸਨਮਾਨਜਨਕ ਹਨ ਅਤੇ ਸੇਂਟ ਜਾਨ ਦੀ ਵਧੀਆ ਤਸਵੀਰ ਦਾ ਵਧਾਵਾ ਕਰਦੀਆਂ ਹਨ
- ਉਚਿਤ ਸੀਮਾਵਾਂ ਬਣਾਏ ਰੱਖੋ ਅਤੇ ਸੋਸ਼ਲ ਮੀਡੀਆ ਉੱਤੇ ਕੀਤੀਆਂ ਜਾਣ ਵਾਲੀਆਂ ਸਾਰੀਆਂ ਗੱਲਾਂਬਾਤਾਂ ਵਿੱਚ ਪੇਸ਼ੇਵਰ ਅਤੇ ਢੁੱਕਵੀਂ ਬੋਲਬਾਨੀ ਬਣਾਏ ਰੱਖਣੀ ਯਕੀਨੀ ਬਣਾਓ*

* ਕੁੱਝ ਮੈਂਬਰਾਂ ਦੀ ਭੂਮਿਕਾ ਵਿੱਚ ਸੋਸ਼ਲ ਮੀਡੀਆ ਦੇ ਪੇਜ਼ਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ ਅਤੇ ਇਸ ਵਿੱਚ ਮੈਂਬਰ ਦੁਆਰਾ ਕਿਸੇ ਦੂਜੇ ਸੇਂਟ ਜਾਨ ਸੰਗਠਨ ਦੇ ਨੌਜਵਾਨ ਮੈਂਬਰ ਦਾ 'friend' ਬਣਨਾ ਲੋੜੀਂਦਾ ਹੋ ਸਕਦਾ ਹੈ। ਅਜਿਹੇ ਮਾਮਲੇ ਵਿੱਚ, ਗੱਲਾਂਬਾਤਾਂ ਸਖਤੀ ਨਾਲ ਮੈਂਬਰ ਦੀ ਭੂਮਿਕਾ ਨਾਲ ਸਬੰਧਤ ਹੋਣੀਆਂ ਚਾਹੀਦੀਆਂ ਹਨ। ਉਸ ਭੂਮਿਕਾ ਤੋਂ ਬਾਹਰ ਦਾ ਸੰਪਰਕ ਵਰਜਿਤ ਹੈ। ਮੈਂਬਰਾਂ ਨੂੰ ਕਦੇ ਵੀ ਕਿਸੇ ਅਜਿਹੇ ਵਿਹਾਰ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ ਜੋ ਸੇਂਟ ਜਾਨ ਦੀ ਸੋਸ਼ਲ ਮੀਡੀਆ ਨੀਤੀ ਦੀ ਉਲੰਘਣਾ ਕਰਦਾ ਹੋਵੇ।

## ਉਹ ਵਿਹਾਰ ਜੋ ਸਵੀਕਾਰ ਯੋਗ ਨਹੀਂ ਹਨ

ਇਹ ਲਾਜ਼ਮੀ ਹੈ ਕਿ ਤੁਸੀਂ ਹੇਠਾਂ ਦਿੱਤੇ **ਕੰਮ ਨਾ** ਕਰੋ:

- ਕਿਸੇ ਬੱਚੇ ਨਾਲ ਕੋਈ ਅਜਿਹੀ ਗਤੀਵਿਧੀ ਕਰਨੀ ਜਿਸਨਾਲ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੋਣੇ, ਇਸ ਵਿੱਚ ਦੁਰਵਿਹਾਰ, ਲਾਪਰਵਾਹੀ, ਸੋਸ਼ਣ, ਪਰੇਸ਼ਾਨ ਕਰਨ ਵਾਲਾ, ਵਿਤਕਰਾ ਕਰਨ ਵਾਲਾ ਜਾਂ ਅਤਿਆਚਾਰ ਕਰਨ ਵਾਲਾ ਵਿਹਾਰ ਸ਼ਾਮਲ ਹੈ
- ਬਾਲ ਦੁਰਵਿਹਾਰ ਜਾਂ ਨੁਕਸਾਨ ਦੀ ਕਿਸੇ ਚਿੰਤਾ, ਸ਼ੱਕ ਜਾਂ ਖੁਲਾਸੇ ਨੂੰ ਨਜ਼ਰਅੰਦਾਜ਼ ਕਰਨਾ ਜਾਂ ਇਸਦੀ ਉਪੇਖਿਆ ਕਰਨੀ
- ਬੱਚੇ ਨਾਲ 'ਖਾਸ' ਰਿਸ਼ਤਾ ਬਣਾਉਣਾ, ਜਾਂ ਦੂਜੇ ਬਾਲਗਾਂ ਦੇ ਅਜਿਹੇ ਵਿਹਾਰ ਨੂੰ ਨਜ਼ਰਅੰਦਾਜ਼ ਕਰਨਾ ਜੋ ਪੱਖਪਾਤ ਕਰਨ ਵਾਲਾ, ਲੋੜ ਤੋਂ ਵੱਧ ਜਾਣੂ, ਅਨੁਚਿਤ ਜਾਂ 'ਬੱਚੇ ਦਾ ਸੋਸ਼ਣ ਕਰਨ ਲਈ ਉਸਨੂੰ ਤਿਆਰ ਕਰਨ' ਵਾਲੇ ਵਿਹਾਰ ਵਾਂਗ ਹੋਵੇ
- ਬੱਚਿਆਂ ਨਾਲ ਅਜਿਹੇ ਵਿਹਾਰ ਜਾਂ ਗਤੀਵਿਧੀਆਂ ਨਾ ਕਰਨੀਆਂ ਜਿੰਨ੍ਹਾਂ ਨੂੰ ਅਨੁਚਿਤ ਦੇ ਤੌਰ 'ਤੇ ਵੇਖਿਆ ਜਾ ਸਕਦਾ ਹੈ, ਇਸ ਵਿੱਚ ਭਾਸ਼ਾ ਦੀ ਵਰਤੋਂ (ਜਿਵੇਂ ਕਿ ਅਸ਼ੁੱਧ ਜਾਂ ਜਿਨਸੀ) ਜਾਂ ਅਜਿਹੇ ਵਿਸ਼ਿਆਂ ਬਾਰੇ ਚਰਚਾ ਕਰਨਾ ਸ਼ਾਮਲ ਹੈ ਜੋ ਨਾਬਾਲਗਾਂ ਲਈ ਢੁੱਕਵੇਂ ਨਾ ਹੋਣ
- ਕਿਸੇ ਬੱਚੇ ਨਾਲ ਬੇਲੋੜਾਂ ਸਰੀਰਕ ਸੰਪਰਕ ਸ਼ੁਰੂ ਕਰਨਾ, ਇਸ ਵਿੱਚ ਬੱਚੇ ਲਈ ਅਜਿਹੇ ਕੰਮ ਕਰਨੇ ਸ਼ਾਮਲ ਹਨ ਜੋ ਉਹ ਬੱਚਾ ਆਪ ਕਰ ਸਕਦਾ ਹੈ (ਜਿਵੇਂ ਟੱਟੀ ਕਰਨ ਬਾਅਦ ਆਪਣੀ ਸਾਫ-ਸਫਾਈ ਕਰਨਾ), ਬਸ਼ਰਤੇ ਕਿ ਤੁਸੀਂ ਕੋਈ ਡਾਕਟਰੀ ਸੇਵਾ ਦੇ ਰਹੇ ਹੋ ਜਿਸ ਵਿੱਚ ਬੱਚੇ ਦਾ ਮੁਲਾਂਕਣ ਜਾਂ ਇਲਾਜ ਕਰਨ ਲਈ ਉਸਨੂੰ ਛੂਹਣਾ ਜ਼ਰੂਰੀ ਹੋਵੇ
- ਬੱਚੇ ਨੂੰ ਅਨੁਸ਼ਾਸਿਤ ਜਾਂ ਕਾਬੂ ਵਿੱਚ ਕਰਨ ਲਈ ਹੱਥ ਚੁੱਕਣ ਦੇ ਤਰੀਕੇ ਅਪਨਾਉਣੇ
- ਬੱਚੇ ਨਾਲ ਅਜਿਹੀ ਸਥਿਤੀ ਵਿੱਚ ਹੋਣਾ ਜਿੱਥੇ ਤੁਸੀਂ ਅਤੇ ਬੱਚੇ ਦੇ ਇਲਾਵਾ ਹੋਰ ਕੋਈ ਨਾ ਹੋਵੇ, ਇਸ ਵਿੱਚ ਆਵਾਜਾਈ ਦੌਰਾਨ ਅਜਿਹਾ ਕਰਨਾ ਸ਼ਾਮਲ ਹੈ**
- ਸੇਂਟ ਜਾਨ ਦੀ ਸੇਵਾ, ਗਤੀਵਿਧੀ ਜਾਂ ਪ੍ਰੋਗ੍ਰਾਮ ਵਿੱਚ ਸ਼ਾਮਲ ਕਿਸੇ ਬੱਚੇ ਨੂੰ ਸਾਡੇ ਘਰਾਂ ਵਿੱਚ ਲੈ ਜਾਣਾ **
- ਸੇਂਟ ਜਾਨ ਦੇ ਪ੍ਰੋਗ੍ਰਾਮਾਂ, ਤੁਹਾਡੀ ਪੋਜ਼ੀਸ਼ਨ ਦੇ ਵੇਰਵੇ ਜਾਂ ਬਿਨਾਂ ਨਿਗਰਾਨੀ ਦੇ ਨਿੱਜੀ ਜਾਂ ਪ੍ਰਾਈਵੇਟ ਸੰਪਰਕ ਤਰੀਕਿਆਂ (ਇਸ ਵਿੱਚ ਸੋਸ਼ਲ ਮੀਡੀਆ, ਈਮੇਲ, ਇਨਸਟੇਂਟ ਮੈਸੇਜਿੰਗ, ਚੈਟ ਰੂਮ, ਗੇਮਿੰਗ ਸਾਈਟ, ਟੈਕਸਟਿੰਗ ਆਦਿ ਸ਼ਾਮਲ ਹਨ) ਰਾਹੀਂ ਬੱਚੇ ਨਾਲ ਸਿੱਧੇ ਗੱਲਬਾਤ ਕਰਨੀ
- ਸੇਂਟ ਜਾਨ ਦੇ ਪ੍ਰੋਗ੍ਰਾਮਾਂ ਦੇ ਬਾਹਰ ਬੱਚੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਨਾ, ਇਸ ਵਿੱਚ ਬੱਚੇ ਦੀ ਬਿਨਤੀ ਉੱਤੇ ਕਿਸੇ ਨਿੱਜੀ ਸਾਮਾਜਕ ਸਮਾਰੋਹ ਵਿੱਚ ਭਾਗ ਲੈਣਾ ਸ਼ਾਮਲ ਹੈ
- ਬੱਚਿਆਂ ਦੀ ਹਾਜ਼ਰੀ ਵਿੱਚ ਸਭਿਆਚਾਰ, ਨਸਲ ਜਾਂ ਜਿਨਸੀਅਤ ਬਾਰੇ ਨਿੱਜੀ ਵਿਚਾਰ ਪ੍ਰਗਟ ਕਰਨੇ
- ਸੇਂਟ ਜਾਨ ਦੇ ਪਰਿਵੇਸ਼ ਵਿੱਚ ਮੌਜੂਦਗੀ ਦੌਰਾਨ ਜਿਨਸੀ ਜਾਂ ਸੰਘਣੇ ਵਿਹਾਰ ਵਿੱਚ ਹਿੱਸਾ ਲੈਣਾ, ਇਸ ਵਿੱਚ ਸਹਿਮਤੀ ਦੀ ਕਾਨੂੰਨੀ ਉਮਰ ਤੋਂ ਉੱਪਰ ਵਾਲੇ ਸਹਿਮਤ ਮੈਂਬਰਾਂ ਵਿੱਕਚਾਰ ਅਜਿਹਾ ਕਰਨਾ ਸ਼ਾਮਲ ਹੈ
- ਕਿਸੇ ਬੱਚੇ ਨਾਲ ਜਿਨਸੀ ਕਿਰਿਆ ਕਰਨੀ
- ਇਹ ਬਿਨਤੀ ਕਰਨਾ ਕਿ ਬੱਚਾ ਬਾਲਗ ਨਾਲ ਆਪਣੀ ਗੱਲਬਾਤ ਨੂੰ ਆਪਣੇ ਮਾਪਿਆਂ/ਸੰਭਾਲਕਰਤਾਵਾਂ ਤੋਂ ਲੁੱਕਵਾਂ ਰੱਖੇ
- ਬੱਚੇ ਦੀ ਸਹਿਮਤੀ ਅਤੇ ਉਸਦੇ ਮਾਪਿਆਂ/ਸੰਭਾਲਕਰਤਾਵਾਂ ਦੀ ਸਹਿਮਤੀ ਤੋਂ ਬਗੈਰ ਬੱਚੇ ਦੀ ਫੋਟਵਾਂ ਖਿਚਣੀਆਂ ਜਾਂ ਵੀਡਿਓ ਬਣਾਉਣੀ
- ਸੇਂਟ ਜਾਨ ਦੀਆਂ ਸੇਵਾਵਾਂ, ਗਤੀਵਿਧੀਆਂ ਜਾਂ ਪ੍ਰੋਗ੍ਰਾਮਾਂ ਵਿੱਚ ਸ਼ਾਮਲ ਬੱਚੇ ਦੀਆਂ ਫੋਟਵਾਂ ਜਾਂ ਵੀਡਿਓ ਨੂੰ ਨਿੱਜੀ ਵਰਤੋਂ ਲਈ ਸਾਂਭ ਕੇ ਰੱਖਣਾ। ਸੇਂਟ ਜਾਨ ਦੀਆਂ ਸੇਵਾਵਾਂ, ਗਤੀਵਿਧੀਆਂ ਜਾਂ ਪ੍ਰੋਗ੍ਰਾਮਾਂ ਵਿੱਚ ਸ਼ਾਮਲ ਬੱਚਿਆਂ ਦੀਆਂ ਫੋਟਵਾਂ ਅਤੇ ਵੀਡਿਓ ਨੂੰ ਸਿਰਫ ਸੇਂਟ ਜਾਨ ਦੇ ਅਧਿਕਾਰਿਕ ਉਦੇਸ਼ਾਂ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ
- ਸੇਂਟ ਜਾਨ ਦੇ ਪ੍ਰੋਗ੍ਰਾਮਾਂ ਤੋਂ ਬਾਹਰ ਬੱਚੇ ਨੂੰ ਤੋਹਫੇ ਦੇਣੇ, ਬਸ਼ਰਤੇ ਤੋਹਫਾ ਦੇਣ ਲਈ ਮਨਜ਼ੂਰੀ ਲਿੱਤੀ ਗਈ ਹੋਵੇ
- ਸੇਂਟ ਜਾਨ ਦੇ ਪਰਿਵੇਸ਼ ਵਿੱਚ ਜਾਂ ਕਿਸੇ ਅਜਿਹੇ ਪਰਿਵੇਸ਼ ਵਿੱਚ ਜਿੱਥੇ ਤੁਹਾਡੀ ਬੱਚਿਆਂ ਦੀ ਸਾਂਭਸੰਭਾਲ ਕਰਨ ਦੀ ਜ਼ੁੰਮੇਵਾਰੀ ਹੋਣੇ, ਉੱਥੇ ਕਿਸੇ ਵੀ ਹਾਲਾਤ ਤਹਿਤ ਸ਼ਰਾਬ ਅਤੇ/ਜਾਂ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨਾ ਜਾਂ ਸਪਲਾਈ ਕਰਨੀ
- ਕਿਸੇ ਅਜਿਹੇ ਬੱਚੇ ਨਾਲ ਸੰਘਣਾ ਰਿਸ਼ਤਾ ਬਣਾਉਣਾ ਜਿਸ ਉੱਤੇ ਤੁਹਾਡੀ ਸਿੱਧੀ ਅਥਾਰਟੀ ਹੋਵੇ
- ਬੱਚਿਆਂ ਨਾਲ ਆਨਲਾਇਨ ਅਜਿਹੇ ਤਰੀਕੇ ਨਾਲ ਸ਼ਮੂਲੀਅਤ ਕਰਨੀ ਜਿਸਨੂੰ ਅਪਮਾਨਜਨਕ ਜਾਂ ਅਨੁਚਿਤ ਮੰਨਿਆ ਜਾ ਸਕਦਾ ਹੋਵੇ, ਇਸ ਵਿੱਚ ਅਸ਼ਲੀਲ ਪ੍ਰਕਾਰ ਦੀ ਭਾਸ਼ਾ ਜਾਂ ਵਿਸ਼ਿਆਂ (ਜਿਵੇਂ ਕਿ ਨਾਪਾਕ ਜਾਂ ਜਿਨਸੀ ਕਿਸਮ ਦੀ) ਦੀ ਵਰਤੋਂ ਕਰਨਾ ਅਤੇ ਸੋਸ਼ਣ ਕਰਨ ਲਈ ਮੰਨੇ ਜਾ ਸਕਣ ਵਾਲੇ ਵਿਹਾਰ ਸ਼ਾਮਲ ਹਨ।
- ਬੱਚਿਆਂ ਸਾਮ੍ਹਣੇ ਸੰਘਣੀ, ਬਾਲਗਾਂ ਲਈ ਉਚਿਤ ਅਤੇ ਅਸ਼ਲੀਲ ਤਰ੍ਹਾਂ ਦੀ ਵਿਸ਼ੇ-ਵਸਤੂ ਦੀ ਚਰਚਾ ਕਰਨੀ ਜਾਂ ਵਿਖਾਉਣੀ, ਜਾਂ ਬੱਚਿਆਂ ਨਾਲ ਜਿਨਸੀ ਵਿਅੰਗ ਦੀ ਵਰਤੋਂ ਕਰਨੀ ਜਾਂ ਜਿਨਸੀ ਕਿਸਮ ਦੇ ਵਿਹਾਰ ਵਿੱਚ ਹਿੱਸਾ ਲੈਣਾ
- ਕਿਸੇ ਬੱਚੇ ਨਾਲ ਉਸਦੀ ਅਪਾਹਜਤਾ, ਉਮਰ, ਲਿੰਗ, ਨਸਲ, ਸਭਿਆਚਾਰ, ਅਸੁਰੱਖਿਆ, ਜਿਸਨੀਅਤ ਜਾਂ ਜਾਤ ਕਰਕੇ ਪੱਖਪਾਤ ਵਾਲਾ ਵਿਹਾਰ ਕਰਨਾ ਜਾਂ ਵਿਤਕਰਾ ਕਰਨਾ

** ਜੇ ਕੋਈ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਜਿਸ ਵਿੱਚ ਅਜਿਹੇ ਉਪਾਅ ਕੀਤੇ ਜਾਣੇ ਲੋੜੀਂਦੇ ਹੋਣ, ਤਾਂ ਰੋਕਥਾਮ ਵਾਲੀਆਂ ਪ੍ਰਥਾਵਾਂ ਨੂੰ ਅਪਨਾਇਆ ਜਾਣਾ ਚਾਹੀਦਾ ਹੈ। ਵਧੇਰੀ ਜਾਣਕਾਰੀ ਲਈ ਕੌਮੀ ਬਾਲ ਸੁਰੱਖਿਆ ਦਿਸ਼ਾ-ਨਿਰਦੇਸ਼ ਵੇਖੋ।

## ਬਾਲ ਸੁਰੱਖਿਆ ਆਚਾਰ ਸੰਹਿਤਾ ਦੀ ਉਲੰਘਣਾ ਕਰਨਾ

ਸਾਰੇ ਮੈਂਬਰਾਂ, ਠੇਕੇਦਾਰਾਂ ਅਤੇ ਵਿਜ਼ਿਟਰਾਂ (ਮੁਲਾਕਾਤੀਆਂ) ਲਈ ਇਹ ਲਾਜ਼ਮੀ ਹੈ ਕਿ ਉਹ ਇਸ ਆਚਾਰ ਸੰਹਿਤਾ ਦੀ ਪਾਲਣਾ ਕਰਨ। ਇਹ ਸਾਰੀਆਂ ਸਥਿਤੀਆਂ ਵਿੱਚ ਲਾਗੂ ਹੈ – ਨੌਜਵਾਨ ਗਤੀਵਿਧੀਆਂ ਅਤੇ ਸਮਾਰੋਹਾਂ, ਕਿਸੇ ਦੁਰਘਟਨਾ ਸਮੇਂ ਜਾਂ ਡਿਟੀਜਲ ਤਕਨਾਲੋਜੀ ਦੀ ਵਰਤੋਂ ਕਰਨ ਸਮੇਤ।

ਜੇ ਤੁਸੀਂ ਇਸ ਆਚਾਰ ਸੰਹਿਤਾ ਦੀ ਉਲੰਘਣਾ ਕਰਦੇ ਹੋ, ਤਾਂ ਤੁਹਾਡੇ ਉੱਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਲੰਘਣਾ ਦੇ ਗੰਭੀਰ ਮਾਮਲਿਆਂ ਲਈ, ਇਸ ਵਿੱਚ ਸੇਂਟ ਜਾਨ ਨਾਲ ਤੁਹਾਡੀ ਸ਼ਮੂਲੀਅਤ ਖਤਮ ਕੀਤੇ ਜਾਣਾ ਸ਼ਾਮਲ ਹੋ ਸਕਦਾ ਹੈ। ਉਲੰਘਣਾ ਦੇ ਗੰਭੀਰ ਮਾਮਲਿਆਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਅਜਿਹੀਆਂ ਖਾਸੀਆਂ ਸਥਿਤੀਆਂ ਹੋ ਸਕਦੀਆਂ ਹਨ ਜਿੱਥੇ ਕਿਸੇ ਮੈਂਬਰ ਨੂੰ ਇਸ ਸੰਹਿਤਾ ਦੇ ਬਾਹਰ ਸੰਚਾਲਨ ਕਰਨ ਦੀ ਲੋੜ ਪਵੇ, ਜਿਵੇਂ ਕਿ ਆਪਾਤਕਾਲੀਨ ਸਮੇਂ ਦੌਰਾਨ। ਮੈਂਬਰਾਂ ਨੂੰ ਇਸ ਆਚਾਰ ਸੰਹਿਤਾ ਦੀ ਉਲੰਘਣਾ ਕਰਨ ਵਾਲੇ ਕਿਸੇ ਕੰਮ ਲਈ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਹਾਡੇ ਲਈ ਇਹ ਲਾਜ਼ਮੀ ਹੈ ਕਿ ਤੁਸੀਂ, ਜਿੰਨੀ ਛੇਤੀ ਸੰਭਵ ਹੋ ਸਕੇ, ਇਸ ਆਚਾਰ ਸੰਹਿਤਾ ਦਾ ਉਲੰਘਣ ਕਰਨ ਵਾਲੇ ਕਿਸੇ ਕੰਮ ਦੀ ਜਾਣਕਾਰੀ ਸੇਂਟ ਜਾਨ ਨੂੰ ਦਿਓ।

## ਚੈਂਪੀਅਨ

ਆਸਟ੍ਰੇਲੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ (CEO) ਇਸ ਆਚਾਰ ਸੰਹਿਤਾ ਨੂੰ ਲਾਗੂ ਕੀਤੇ ਜਾਣ ਅਤੇ ਇਸ ਉੱਤੇ ਨਜ਼ਰ ਰੱਖੇ ਜਾਣ ਦਾ ਸਮਰਥਨ ਕਰਨਗੇ। CEO ਮੈਂਬਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਵੀ ਪ੍ਰਦਾਨ ਕਰਨਗੇ ਤਾਂ ਜੋ ਆਚਾਰ ਸੰਹਿਤਾ ਦਾ ਸੰਚਾਲਨ ਕਾਰਗਰ ਤਰੀਕੇ ਨਾਲ ਕੀਤਾ ਜਾ ਸਕੇ। ਸਾਰੇ ਬਾਲਗ ਮੈਂਬਰਾਂ ਨੂੰ ਇਸ ਆਚਾਰ ਸੰਹਿਤਾ ਦੀ ਪਾਲਣਾ ਕਰਨੀ ਹੋਵੇਗੀ।

### ਜੇ ਕਿਸੇ ਬੱਚੇ ਨੂੰ ਨੁਕਸਾਨ ਦਾ ਤਤਕਾਲਕ ਖਤਰਾ ਹੈ, ਤਾਂ ਟ੍ਰਿਪਲ ਜ਼ੀਰੋ (000) ਉੱਤੇ ਫੋਨ ਕਰੋ

ਇਸ ਬਾਲ ਸੁਰੱਖਿਆ ਆਚਾਰ ਸੰਹਿਤਾ ਨੂੰ 14 ਮਈ 2019 ਨੂੰ ਸੇਂਟ ਜਾਨ ਐਂਬੂਲੈਂਸ ਆਸਟ੍ਰੇਲੀਆ ਇਨਕੋਰਪੋਰੇਸ਼ਨ ਦੇ ਮੁੱਖ ਕਾਰਜਕਕਾਰੀ ਅਧਿਕਾਰੀ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ ਅਤੇ ਮਈ 2020 ਵਿੱਚ ਇਸਦੀ ਸਮੀਖਿਆ ਕੀਤੀ ਗਈ ਸੀ। ਮਈ 2021 ਵਿੱਚ ਜਾਂ ਇਸਦਾ ਸੋਧ ਕਰਨ ਲਈ ਲੋੜੀਂਦੀਆਂ ਕਾਨੂੰਨੀ ਜਾਂ ਹੋਰ ਤਬਦੀਲੀਆਂ ਕਰਕੇ ਇਸਤੋਂ ਪਹਿਲਾਂ ਆਚਾਰ ਸੰਹਿਤਾ ਦੀ ਸਮੀਖਿਆ ਕੀਤੀ ਜਾਵੇਗੀ।